بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.08.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬਾ ਕਰਾਮ ਹਜ਼ਰਤ ਕਤਾਦਾ ਬਿਨ ਨੁਅਮਾਨ ਅੰਸਾਰੀ ਅਤੇ ਹਜ਼ਰਤ ਅਬਦੁਲੱਾਹ ਬਿਨ ਮਜ਼ਊਨ ਰਜ਼ੀ ਅਲੱਾਹ ਅਨਹੁਮਾ ਦੇ ਸਦਗੁਣਾ ਦਾ ਮਨਭਾਉਂਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਅਗਸਤ 2019 ਈ. ਨੂੰ ਮਸਜਿਦ ਬੈਤੁਲਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅੱਜ ਮੈਂ ਫਿਰ ਬਦਰੀ ਸਹਾਬਾ ਦਾ ਵਰਨਣ ਕਰਾਂਗਾ ਜੋ ਬੀਤੇ ਲੰਮੇ ਸਮੇਂ ਤੋਂ ਚਲ ਰਿਹਾ ਹੈ ।

ਪੀਹਲਾ ਜ਼ਿਕਰ ਹਜ਼ਰਤ ਕਤਾਦਾ ਬਿਨ ਨੁਅਮਾਨ ਅੰਸਾਰੀ ਦਾ ਹੈ । ਹਜ਼ਰਤ ਕਤਾਦਾ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੇ ਪਰਿਵਾਰ ਬਨੂ ਜ਼ਫ਼ਰ ਨਾਲ ਸੀ । ਇਹਨਾ ਦੇ ਪਿਤਾ ਦਾ ਨਾਂ ਨੁਅਮਾਨ ਬਿਨ ਜ਼ੈਦ ਅਤੇ ਮਾਤਾ ਦਾ ਨਾਂ ਅਨੀਸਾ ਬਿੰਤ ਕੈਸ ਸੀ । ਹਜ਼ਰਤ ਕਤਾਦਾ ਦੀ ਗੋਤ ਅਬੂ ਉਮਰ ਤੋਂ ਬਿਨਾ ਅਬੂ ਉਮਰੋ ਅਤੇ ਅਬੂ ਅਬਦੁਲੱਾਹ ਵੀ ਬਿਆਨ ਕੀਤੀ ਜਾਂਦੀ ਹੈ । ਹਜ਼ਰਤ ਕਤਾਦਾ ਹਜ਼ਰਤ ਹਜ਼ਰਤ ਅਬੂ ਸਈਦ ਖ਼ੁਦਰੀ ਦੇ ਅਖ਼ਯਾਫ਼ੀ (ਜਿੰਨਾ ਦੀ ਮਾਂ ਇਕ ਹੋਵੇ ਤੇ ਪਿਤਾ ਅੱਡ) ਭਰਾ ਸਨ ਅਰਥਾਤ ਮਾਤਾ ਵੱਲੋਂ ਭਰਾ ਸਨ । ਹਜ਼ਰਤ ਕਾਤਦਾ ਨੂੰ ਸਤੱਰ ਅੰਸਾਰੀ ਸਹਾਬਾ ਨਾਲ ਬੈਅਤੇ ਉਕਬਾ ਵਿੱਚ ਸ਼ਾਮਲ ਹੋਣ ਦਾ ਸੁਭਾਗ ਮਿਲਿਆ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਨਿਯੁਕਤ ਕੀਤੇ ਤੀਰ ਅੰਦਾਜ਼ਾਂ ਵਿਚੋਂ ਸਨ । ਆਪ ਨੂੰ ਬਦਰ, ਉਹਦ, ਖ਼ੰਦਕ ਅਤੇ ਬਾਦ ਵਿੱਚ ਹੋਣ ਵਾਲੀਆਂ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਭਾਗ ਲੈਂਣ ਦਾ ਸੰਜੋਗ ਪ੍ਰਾਪਤ ਹੋਇਆ । ਉਹਦ ਦੀ ਜੰਗ ਦੇ ਦਿਨ ਹਜ਼ਰਤ ਕਤਾਦਾ ਦੀ ਅੱਖ ਉਪੱਰ ਤੀਰ ਲਗੱਾ ਜਿਸ ਨਾਲ ਅੱਖ ਦਾ ਡੇਲਾ ਬਾਹਰ ਆ ਗਿਆ । ਉਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ਇਹ ਤੀਰ ਲਗੱਾ ਹੈ ਅਤੇ ਮੇਰਾ ਡੇਲਾ ਬਾਹਰ ਆ ਗਿਆ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਡੇਲੇ ਨੂੰ ਆਪਣੇ ਹੱਥ ਨਾਲ ਵਾਪਸ ਰੱਖ ਦਿਤੱਾ ਅਤੇ ਉਹ ਡੇਲਾ ਠੀਕ ਥਾਂ'ਤੇ ਫਿਟ ਹੋ ਗਿਆ ਅਤੇ ਬਿਨਾਈ (ਦਿਖਾਈ ਦੇਣਾ) ਪਰਤ ਆਈ ਅਤੇ ਬੁਢਾਪੇ ਦੇ ਦਿਨਾਂ ਵਿੱਚ ਵੀ ਇਹ ਵਾਲੀ ਅੱਖ ਬਹੁਤੀ ਠੀਕ ਤੇ ਸਹੀ ਸੀ । ਇਕ

ਰਿਵਾਇਤ ਵਿੱਚ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਅੱਖ ਵਿੱਚ ਆਪਣਾ ਥੁੱਕ ਲਾਇਆ ਸੀ ਇਸ ਦੇ ਸਿੱਟੇ ਵਿੱਚ ਉਹ ਅੱਖ ਵਧੇਰੀ ਚੰਗੀ ਹੋ ਗਈ । ਹਜ਼ਰਤ ਕਤਾਦਾ ਆਪਣੀ ਇਹ ਘਟਨਾ ਆਪ ਬਿਆਨ ਕਰਦੇ ਹਨ ਕਿ ਉਹਦ ਦੀ ਜੰਗ ਦੇ ਦਿਨ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਚਿਹਰੇ ਦੇ ਸਾਹਮਣੇ ਰਿਹਾ । ਜੱਦ ਵੀ ਕੋਈ ਤੀਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਵੱਲ ਆਉਂਦਾ ਤਾਂ ਮੈਂ ਆਪਣਾ ਸਿਰ ਉਸ ਦੇ ਅੱਗੇ ਕਰ ਦਿੰਦਾ ਤਾਂ ਜੋ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਚਿਹਰੇ ਮੁਬਾਰਕ ਦੀ ਢਾਲ ਬਣ ਸਕਾਂ । ਇਸੇ ਸਮੇਂ ਦੌਰਾਨ ਇਕ ਤੀਰ ਮੇਰੀ ਅੱਖ'ਤੇ ਲਗੱਾ, ਜਿਸ ਨਾਲ ਮੇਰੀ ਅੱਖ ਦਾ ਡੇਲਾ ਬਾਹਰ ਨਿਕਲਕੇ ਮੇਰੇ ਗਲੱਾਂ'ਤੇ ਆ ਗਿਆ । ਮੈਂ ਆਪਣੇ ਹੱਥ ਨਾਲ ਆਪਣੇ ਡੇਲੇ ਨੂੰ ਫੜਕੇ ਅਤੇ ਉਸ ਨੂੰ ਆਪਣੇ ਹਥਾਂ ਵਿੱਚ ਰਖੱਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਇਆ । ਜੱਦ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਨੇ ਉਸਨੂੰ ਮੇਰੇ ਹੱਥ ਵਿੱਚ ਦੇਖਿਆ ਤਾਂ ਆਪ ਦੀਆਂ ਅਖੱਾਂ ਵਿੱਚੋਂ ਹੰਝੂ ਨਿਕਲ ਆਏ ਅਤੇ ਫ਼ਰਮਾਇਆ ਹੇ, ਅਲੱਾਹ ਕਤਾਦਾ ਨੇ ਆਪਣੇ ਚਿਹਰੇ ਰਾਹੀਂ ਤੇਰੇ ਨਬੀ ਦੇ ਚਿਹਰੇ ਨੂੰ ਬਚਾਇਆ ਹੈ, ਸੋ, ਤੂੰ ਇਸ ਅੱਖ ਨੂੰ ਦੋਹਾਂ ਅਖੱਾਂ ਵਿੱਚੋਂ ਬਹੁਤਾ ਸੁੰਦਰ ਤੇ ਬਹੁਤ ਦਿਖਾਈ ਵਾਲਾ ਬਣਾ ਦੇ । ਸੋ, ਉਹ ਅੱਖ ਦੋਹਾਂ ਵਿੱਚੋਂ ਬਹੁਤੀ ਸੁੰਦਰ ਤੇ ਦਿਖਾਈ ਦੇਣ ਦੇ ਪੱਖੋਂ ਬਹੁਤੀ ਤੇਜ਼ ਵੀ ਸੀ ।

ਹਜ਼ਰਤ ਕਾਤਾਦਾ ਖੰਦਕ ਦੀ ਜੰਗ ਅਤੇ ਹੋਰਨਾ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਮੱਕੇ ਦੀ ਫ਼ਤਹ ਸਮੇਂ ਕਬੀਲਾ ਬਨੂ ਜ਼ਫ਼ਰ ਦਾ ਝੰਡਾ ਹਜ਼ਰਤ ਕਤਾਦਾ ਦੇ ਹੱਥ ਸੀ । ਹਜ਼ਰਤ ਕਤਾਦਾ ਨੇ 65 ਸਾਲ ਦੀ ਉਮਰ ਵਿੱਚ 23 ਹਿਜਰੀ ਵਿੱਚ ਵਫ਼ਾਤ ਪਾਈ । ਹਜ਼ਰਤ ਉਮਰ ਨੇ ਮਦੀਨੇ ਵਿੱਚ ਇਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ।

ਹਜ਼ਰਤ ਕਤਾਦਾ ਬਿਨ ਨੁਅਮਾਨ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਅੰਸਾਰ ਵਿੱਚੋਂ ਇਕ ਪਰਿਵਾਰ ਅਜਿਹਾ ਸੀ ਜਿੰਨ੍ਹਾ ਨੂੰ ਬਨੂ ਅਬੀਰਕ ਕਿਹਾ ਜਾਂਦਾ ਸੀ, ਇਹਨਾ ਵਿੱਚ ਤਿੰਨ ਭਰਾ ਸਨ । ਉਹ ਲੋਕ ਜਹਾਲਤ ਤੇ ਇਸਲਾਮ ਦੋਹਾਂ ਯੁਗਾਂ ਵਿੱਚ ਮੁਥਾਜ ਤੇ ਫ਼ਾਕੇ ਕਟੱਣ ਵਾਲੇ ਲੋਕ ਸਨ । ਇਹਨਾ ਵਿੱਚ ਕੋਈ ਪਰਿਵਰਤਨ ਨ ਆਇਆ । ਕੰਮ ਨਹੀਂ ਕਰਦੇ ਸਨ, ਮਿਹਨਤ ਨਹੀਂ ਕਰਦੇ ਸਨ, ਇਸ ਦੇ ਸਬਬ ਗ਼ਰੀਬ ਸਨ । ਕਤਾਦਾ ਕਹਿੰਦੇ ਹਨ ਕਿ ਇਕ ਵਾਰ ਮੇਰੇ ਚਾਚਾ ਅਫ਼ਾਅ ਬਿਨ ਜ਼ੈਦ ਦੇ ਗੋਦਾਮ ਵਿੱਚ ਸਨ੍ਹ ਲਈ ਗਈ ਅਤੇ ਕੰਧ ਭੰਨ੍ਹਕੇ ਚੋਰ ਅੰਦਰ ਆ ਗਏ ਅਤੇ ਰਾਸ਼ਨ ਤੇ ਹੱਥਿਆਰ ਸਭ ਕੁਝ ਚੁਰਾ ਲਿਆ । ਸਵੇਰ ਸਮੇਂ ਮੇਰੇ ਚਾਚਾ ਰਫ਼ਾਆ ਮੇਰੇ ਕੋਲ ਆਏ ਅਤੇ ਕਿਹਾ ਕਿ ਮੇਰੇ ਭਤੀਜੇ, ਅੱਜ ਰਾਤ ਨੂੰ ਤਾਂ ਮੇਰੇ ਉਪੱਰ ਬਹੁਤ ਜ਼ੁਲਮ ਕੀਤਾ ਗਿਆ ਹੈ । ਸਾਡੇ ਗੋਦਾਮ ਵਿੱਚ ਸਨ੍ਹ ਲਾਈ ਗਈ ਹੈ, ਸਾਡਾ ਸਾਰਾ ਰਾਸ਼ਨ ਅਤੇ ਸਾਡੇ ਸਾਰੇ ਹੱਥਿਆਰ ਚੁਰਾ ਲਏ ਗਏ ਹਨ । ਅਸੀਂ ਮੁਹੱਲੇ ਵਿੱਚ ਪਤਾ ਲਾਉਣ ਦਾ ਜਤਨ ਕੀਤਾ ਹੈ ਅਤੇ ਲੋਕਾਂ ਤੋਂ ਪੁੱਛ ਗਿੱਛ ਕੀਤ ਹੈ ਤਾਂ ਸਾਨੂੰ ਦੱਸਿਆ ਗਿਆ ਕਿ ਅਸੀਂ ਬਨੂ ਅਬੀਰਕ ਨੂੰ ਅੱਜ ਰਾਤ ਦੇਖਿਆ ਹੈ ਉਹਨਾ ਨੇ ਅੱਗ ਬਾਲ ਰੱਖੀ ਸੀ ਅਤੇ ਸਾਡਾ ਵਿਚਾਰ ਹੈ ਕਿ ਤੁਹਾਡੇ ਹੀ ਰਾਸ਼ਨ ਨਾਲ ਜਸ਼ਨ ਮਨਾ ਰਹੇ ਹੋਣਗੇ ।

ਮੇਰੇ ਚਾਚਾ ਨੇ ਕਿਹਾ ਕਿ ਮੇਰੇ ਭਤੀਜੇ ਜੇਕਰ ਤੁਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਕੋਲ ਜਾਂਦੇ ਅਤੇ ਆਪ ਨਾਲ ਇਸ ਹਾਦਸੇ ਦਾ ਜ਼ਿਕਰ ਕਰਦੇ ਤਾਂ ਹੋ ਸਕਦਾ ਹੈ ਮੇਰਾ ਮਾਲ ਮੈਨੂੰ ਮਿਲ ਜਾਂਦਾ । ਹਜ਼ਰਤ ਕਾਤਦਾ ਬਿਨ ਨੁਅਮਾਨ ਕਹਿੰਦੇ ਹਨ ਕਿ ਮੈਂ ਇਹ ਗੱਲ ਸੁਣਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਹਾਜ਼ਰ ਹੋਇਆ ਅਤੇ ਅਰਜ਼ ਕੀਤੀ ਕਿ ਸਾਡੇ ਹੀ ਲੋਕਾਂ ਵਿੱਚ ਇਕ ਘਰ ਵਾਲੇ ਨੇ ਜ਼ੁਲਮ ਤੇ ਵਧੀਕੀ ਕੀਤੀ ਹੈ । ਉਹਨਾ ਨੇ

ਮੇਰੇ ਚਾਚਾ ਰਫ਼ਾਅ ਬਿਨ ਜ਼ੈਦ ਦੇ ਘਰ ਵੱਲ ਮੂੰਹ ਕੀਤਾ ਅਤੇ ਉਹਨਾ ਦੇ ਗੋਦਾਮ ਵਿੱਚ ਸੰਨ੍ਹ ਲਾਕੇ ਉਹਨਾ ਦੇ ਹੱਥਿਆਰ ਅਤੇ ਉਹਨਾ ਦਾ ਰਾਸ਼ਨ ਚੁਰਾ ਲਿਆ ਹੈ । ਜੱਦ ਇਹ ਗੱਲ ਬਨੂ ਅਬੀਰਕ ਨੇ ਸੁਣੀ ਤਾਂ ਉਹਨਾ ਸਾਰਿਆਂ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਹਾਜ਼ਰ ਹੋਕੇ ਕਿਹਾ ਕਿ ਹੇ ਅਲੱਾਹ ਦੇ ਰਸੂਲ ਕਤਾਦਾ ਬਿਨ ਨੁਅਮਾਨ ਅਤੇ ਉਹਨਾ ਦੇ ਚਾਚਾ ਦੋਵੇਂ ਸਾਡੇ ਹੀ ਲੋਕਾਂ ਵਿੱਚੋਂ ਇਕ ਘਰ ਘਰ ਵਾਲਿਆਂ ਉਪੱਰ ਜੋ ਮੁਸਲਮਾਨ ਹਨ ਅਤੇ ਚੰਗੇ ਲੋਕ ਹਨ ਬਿਨਾ ਕਿਸੇ ਗਵਾਹ ਤੇ ਸਬੂਤ ਦੇ ਚੋਰੀ ਦਾ ਆਰੋਪ ਲਾਉਂਦੇ ਹਨ । ਕਤਾਦਾ ਕਹਿੰਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮੈਂਨੂੰ ਫ਼ਰਮਾਇਆ ਕਿ ਤੁਸੀਂ ਇਕ ਅਜਿਹੇ ਘਰ ਵਾਲਿਆਂ ਉਪੱਰ ਚੋਰੀ ਦਾ ਆਰੋਪ ਲਾਇਆ ਹੈ ਜਿੰਨ੍ਹਾ ਬਾਰੇ ਚਰਚਾ ਹੈ ਕਿ ਉਹ ਮੁਸਲਮਾਨ ਹਨ ਅਤੇ ਚੰਗੇ ਲੋਕ ਹਨ ਅਤੇ ਤੁਹਾਡੇ ਕੋਲ ਕੋਈ ਗਵਾਹ ਤੇ ਸਬੂਤ ਵੀ ਨਹੀਂ ਹੈ । ਕਤਾਦਾ ਕਹਿੰਦੇ ਹਨ ਮੈਂ ਆਪ ਦੇ ਕੋਲੋਂ ਵਾਪਸ ਆ ਗਿਆ ਅਤੇ ਮੇਰਾ ਜੀ ਕੀਤਾ ਕਿ ਮੈਂ ਆਪਣੇ ਮਾਲ ਦੇ ਕੁਝ ਹਿੱਸੇ ਤੋਂ ਵਾਂਝਿਆਂ ਹੋ ਗਿਆ ਹੁੰਦਾ ਤਾਂ ਮੈਂਨੂੰ ਗਵਾਰਾ ਹੁੰਦਾ ਪਰ ਇਸ ਮਾਮਲੇ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਗੱਲ ਨ ਕੀਤੀ ਹੁੰਦੀ । ਆਂ ਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਇਹ ਗੱਲ ਸੁਣਕੇ ਮੈਂਨੂੰ ਵਿਚਾਰ ਆਇਆਰ ਕਿ ਮੈਂ ਐਂਵੇ ਹੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਕਸ਼ਟ ਪਹੁੰਚਾਇਆ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ'ਤੇ ਰੱਬ ਨੇ ਸਾਰੀ ਸਚੱਾਈ ਵਹੀ ਰਾਹੀਂ ਖੋਲ ਦਿੱਤੀ । ਜੱਦ ਇਸ ਬਾਰੇ ਕੁਰਆਨ ਕਰੀਮ ਵਿੱਚ ਆਇਤਾਂ ਨਾਜ਼ਲ ਹੋਈਆਂ ਤਾਂ ਬਨੂ ਅਬੀਰਕ ਜਿੰਨ੍ਹਾ'ਤੇ ਚੋਰੀ ਦੀ ਸ਼ੰਕਾ ਸੀ, ਉਹਨਾ ਨੇ ਸਮਝਿਆ ਕਿ ਇਹ ਸਾਡੇ ਬਾਰੇ ਹੀ ਹੈ । ਉਹਨਾ ਨੇ ਆਪਣੀ ਚੋਰੀ ਨੂੰ ਸਵੀਕਾਰ ਕਰ ਲਿਆ ਅਤੇ ਆਪਣੀ ਚੋਰੀ ਤੇ ਹੱਥਿਆਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਲੈ ਆਏ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਉਹ ਹੱਥਿਆਰ ਰਫ਼ਾਅ ਨੂੰ ਪਰਤਾ ਦਿੱਤੇ ।

ਹਜ਼ਰਤ ਅਬੂ ਸਈਦ ਖ਼ੁਦਰੀ ਤੋਂ ਰਿਵਾਇਤ ਹੈ ਕਿ ਕਤਾਦਾ ਬਿਨ ਨੁਅਮਾਨ ਨੇ ਇਕ ਵਾਰ ਸੂਰਤ ਅਖ਼ਲਾਸ ਪੜ੍ਹਦਿਆਂ ਹੀ ਸਾਰੀ ਰਾਤ ਲੰਘਾ ਦਿੱਤੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਸਾਹਮਣੇ ਜੱਦ ਇਸ ਦੀ ਚਰਚਾ ਹੋਈ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਸ ਜ਼ਾਤ (ਰੱਬ) ਦੀ ਸਹੁੰ ਜਿਸਦੇ ਕਬਜ਼ੇ ਵਿੱਚ ਮੇਰੀ ਜਾਨ ਹੈ ਸੂਰਤ ਅਖ਼ਲਾਸ ਅੱਧੇ ਜਾਂ ਇਕ ਤਿਹਾਈ ਕੁਰਆਨ ਦੇ ਬਰਾਬਰ ਹੈ ਅਰਥਾਤ ਰੱਬ ਦੀ ਵਾਹਦਾਨੀਯਤ (ਇਕ ਹੋਣਾ) ਹੀ ਤਾਂ ਕ਼ੀਰਆਨ ਕਰੀਮ ਹੈ ਅਤੇ ਕੁਰਆਨ ਕਰੀਮ ਵਿੱਚ ਇਸੇ ਦੀ ਸਿੱਖਿਆ ਮਿਲਦੀ ਹੈ ।

ਅਬੂ ਸਲਮਾ ਤੋਂ ਰਿਵਾਇਤ ਹੈ ਕਿ ਹਜ਼ਰਤ ਅਬੂ ਹੁਰੈਰਾ ਸਾਡੇ ਨਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀਆਂ ਹਦੀਸਾਂ ਬਿਆਨ ਕਰਿਆ ਕਰਦੇ ਸਨ ਕਿ ਆਪਦਾ ਫ਼ਰਮਾਨ ਹੈ ਕਿ ਜੁਮਏ ਦੇ ਦਿਨ ਇਕ ਘੜੀ ਅਜਿਹੀ ਵੀ ਆਉਂਦੀ ਕਿ ਜੇਕਰ ਉਹ ਕਿਸੇ ਮੁਸਲਮਾਨ ਨੂੰ ਇਸ ਅਵਸਥਾ ਵਿੱਚ ਉਪਲਭਦ ਹੋ ਜਾਏ ਕਿ ਉਹ ਨਮਾਜ਼ ਪੜ੍ਹ ਰਿਹਾ ਹੋਵੇ ਅਤੇ ਰੱਬ ਤੋਂ ਖ਼ੈਰ ਭਲਾਈ ਦਾ ਪ੍ਰਸ਼ਨ ਕਰ ਰਿਹਾ ਹੋਵੇ ਤਾਂ ਰੱਬ ਉਸ ਨੂੰ ਉਹ ਚੀਜ਼ ਜ਼ਰੂਰ ਬਖ਼ਸ਼ਦਾ ਹੈ ਅਤੇ ਹਜ਼ਰਤ ਅਬੂ ਹੁਰੈਰਾ ਨੇ ਆਪਣੇ ਹੱਥਾਂ ਨਾਲ ਸੰਕੇਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਹ ਘੜੀ ਬਹੁਤ ਛੋਟੀ ਹੁੰਦੀ ਹੈ । ਜੱਦ ਹਜ਼ਰਤ ਅਬੂਹੁਰੈਰਾ ਦੀ ਵਫ਼ਾਤ ਹੋਈ ਤਾਂ ਕਹਿੰਦੇ ਹਨ ਕਿ ਮੈਂ ਆਪਣੇ ਦਿਲ ਵਿੱਚ ਸੋਚਿਆਂ ਕਿ ਬਖ਼ੁਦਾ ਜੇਕਰ ਮੈਂ ਹਜ਼ਰਤ ਅਬੂ ਸਈਦ ਖ਼ੁਦਰੀ ਕੋਲ ਗਿਆ ਤਾਂ ਉਹਨਾ ਤੋਂ ਇਸ ਘੜੀ ਬਾਰੇ ਜ਼ਰੂਰ ਪੁਛੱਾਂਗਾ । ਹੋ ਸਕਦਾ ਹੈ ਉਹਨਾ ਨੂੰ ਇਸ ਦਾ ਪਤਾ ਹੋਵੇ । ਸੋ, ਇਕ ਵਾਰ ਮੈਂ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਅਰਜ਼

ਕੀਤੀ ਕਿ ਹੇ ਅਬੂ ਸਈਦ ਹਜ਼ਰਤ ਅਬੂ ਹੁਰੈਰਾ ਨੇ ਸਾਨੂੰ ਇਕ ਅਜਿਹੀ ਘੜੀ ਬਾਰੇ ਹਦੀਸ ਸੁਣਾਈ ਹੈ ਜੋ ਜੁਮਏ ਦੇ ਦਿਨ ਆਉਦੀ ਹੈ । ਕੀ ਆਪ ਨੂੰ ਉਸ ਘੜੀ ਬਾਰੇ ਪਤਾ ਹੈ ਜਿਸ ਵਿੱਚ ਦੁਆ ਕੁਬੂਲ ਹੁੰਦੀ ਹੈ ਤਾਂ ਉਹਨਾਂ ਨੇ ਕਿਹਾ ਕਿ ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਤੋਂ ਇਸ ਘੜੀ ਬਾਰੇ ਪੁੱਛਿਆ ਸੀ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੈਨੂੰ ਪਹਿਲਾਂ ਤਾਂ ਉਹ ਘੜੀ ਦੱਸੀ ਗਈ ਸੀ ਪਰ ਫਿਰ ਸ਼ਬੇ ਕਦਰ ਵਾਂਗ ਭੁਲਾ ਦਿੱਤੀ ਗਈ ।

ਹਜ਼ੂਰ ਅਨਵਰ ਦੇ ਫ਼ਰਮਾਇਆ : ਮਸਨਦ ਅਹਮਦ ਬਿਨ ਹੰਬਲ ਦੀ ਜੋ ਇਹ ਰਿਵਾਇਤ ਹੈ ਇਸ ਵਿੱਚ ਜੁਮਏ ਦੇ ਦਿਨ ਜਿਸ ਘੜੀ ਦਾ ਵਰਨਣ ਹੈ ਉਸ ਘੜੀ ਬਾਰੇ ਭਿੰਨ ਭਿੰਨ ਰਿਵਾਇਤਾਂ ਹਨ, ਇਹਨਾ ਰਿਵਾਇਤਾਂ ਤੋਂ ਤਿੰਨ ਭਿੰਨ ਭਿੰਨ ਸਮਿਆਂ ਦਾ ਪਤਾ ਲਗੱਦਾ ਹੈ, ਪਹਿਲਾ ਤਾਂ ਇਹ ਕਿ ਇਹ ਘੜੀ ਜੁਮਏ ਦੇ ਸਮੇਂ ਆਉਂਦੀ ਹੈ ਦੂਜਾ ਇਹ ਕਿ ਅਖੀਰਲੇ ਭਾਗ ਵਿੱਚ ਆਉਦੀ ਹੈ ਅਤੇ ਤੀਜਾ ਇਹ ਕਿ ਇਹ ਨਮਾਜ਼ ਅਸਰ ਦੇ ਬਾਦ ਆਉਂਦੀ ਹੈ । ਹਜ਼ਰਤ ਅਬੂ ਹੁਰੈਰਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਜੁਮਏ ਦੇ ਦਿਨ ਦਾ ਜ਼ਿਕਰ ਕੀਤਾ ਹੈ ਅਤੇ ਫ਼ਰਮਾਇਆ ਇਸ ਵਿੱਚ ਇਕ ਘੜੀ ਹੈ ਜੋ ਮੁਸਲਮਾਨ ਬੰਦਾ ਇਸ ਘੜੀ ਨੂੰ ਅਜਿਹੀ ਹਾਲਤ ਵਿੱਚ ਪਾਏ ਕਿ ਉਹ ਉਸ ਘੜੀ ਵਿੱਚ ਨਮਾਜ਼ ਪੜ੍ਹ ਰਿਹਾ ਹੋਵੇਗਾ ਤਾਂ ਜੋ ਕੁਝ ਵੀ ਰੱਬ ਤੋਂ ਮੰਗੇਗਾ ਉਹ ਉਸਨੂੰ ਜ਼ਰੂਰ ਦੇਵੇਗਾ ਅਤੇ ਆਪਣੇ ਹੱਥ ਨਾਲ ਸੰਕੇਤ ਕੀਤਾ ਕਿ ਉਹ ਘੜੀ ਬਹੁਤ ਥੋੜੀ ਜਿਹੀ ਹੈ । ਫ਼ਿਰ ਸਹੀ ਮੁਸਲਿਮ ਤੋਂ ਵਿਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਹ ਘੜੀ ਇਮਾਮ ਦੇ ਬੈਠਣ ਤੋਂ ਨਮਾਜ਼ ਖ਼ਤਮ ਹੋਣ ਵਿਚਕਾਰ ਹੁੰਦੀ ਹੈ । ਹਜ਼ਰਤ ਅਬਦੁਲੱਾਹ ਬਿਨ ਸਲਾਮ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਹ ਦਿਨ ਦੀ ਅੰਤਲੀਆਂ ਘੜੀਆਂ ਵਿੱਚ ਹੈ । ਅਰਥਾਤ ਦਿਨ ਢਲੱਣ ਦੇ ਨੇੜੇ ਹੈ । ਹਜ਼ਰਤ ਅਬਦੁਲੱਾਹ ਬਿਨ ਸਲਾਮ ਨੇ ਅਰਜ਼ ਕੀਤੀ ਕਿ ਉਹ ਨਮਾਜ਼ ਦੀ ਘੜੀ ਨਹੀਂ ਹੈ ? ਆਪ ਨੇ ਫ਼ਰਮਾਇਆ ਕਿਉਂ ਨਹੀਂ ! ਮੋਮਿਨ ਬੰਦਾ ਜੱਦ ਨਮਾਜ਼ ਪੜ੍ਹ ਲਏ ਅਤੇ ਬੈਠ ਜਾਏ ਅਤੇ ਕੇਵਲ ਨਮਾਜ਼ ਹੀ ਉਸਨੂੰ ਰੋਕੇ ਹੋਏ ਹੈ ਤਾਂ ਉਹ ਨਮਾਜ਼ ਵਿੱਚ ਹੀ ਹੈ ।

ਫਿਰ ਹਜ਼ਰਤ ਅਬੂ ਹੁਰੈਰਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਹ ਅਸਰ ਦੇ ਬਾਦ ਦੀ ਘੜੀ ਹੈ । ਫਿਰ ਇਕ ਰਿਵਾਇਤ ਵਿੱਚ ਜ਼ਿਕਰ ਹੈ ਕਿ ਹਜ਼ਰਤ ਅਬੂ ਸਲਮਾ ਨੇ ਇਸ ਘੜੀ ਬਾਰੇ ਪੁੱਛਿਆ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਆਖ਼ਰਸ ਸਾਆ ਤਨੱਹਾਰ (آخر ساعة نهار) ਅਰਥਾਤ ਇਹ ਘੜੀ ਦਿਨ ਦੀਆਂ ਅੰਤਮ ਘੜੀਆਂ ਵਿੱਚੋਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਬਾਰੇ ਵਿਆਖਿਆ ਕਰਦਿਆਂ ਹੋਇਆਂ ਇਕ ਥਾਂ ਤਫ਼ਸੀਰ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਵਰਨਣ ਕੀਤਾ ਹੈ ਕਿ ਜੁਮਆ ਅਤੇ ਰਮਜ਼ਾਨ ਨੂੰ ਆਪੋ ਵਿੱਚ ਇਕ ਮੁਸ਼ਾਬਾਹ (ਸਮਾਨਤਾ) ਪ੍ਰਾਪਤ ਹੈ ਅਤੇ ਉਹ ਇਹ ਕਿ ਜੁਮਆ ਵੀ ਦੁਆ ਦੀ ਪਰਵਾਨਗੀ ਦਾ ਦਿਨ ਹੈ ਅਤੇ ਰਮਜ਼ਾਨ ਵੀ ਦੁਆ ਦੀ ਪਰਵਾਨਗੀ ਦਾ ਮਹੀਨਾ ਹੈ । ਜੁਮਏ ਬਾਰੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਫ਼ਰਮਾਉਦੇ ਹਨ ਕਿ ਜੇਕਰ ਕੋਈ ਵਿਅਕਤੀ ਨਮਾਜ਼ ਲਈ ਮਸਜਿਦ ਵਿੱਚ ਆ ਜਾਏ ਅਤੇ ਚੁੱਪ ਬਹਿ ਕੇ ਜ਼ਿਕਰੇ ਇਲਾਹੀ ਵਿੱਚ ਲਗੱਾ ਰਹੇ ਇਮਾਮ ਦੀ ਉਡੀਕ ਕਰੇ ਅਤੇ ਬਾਦ ਵਿੱਚ ਸ਼ਾਂਤੀ ਨਾਲ ਖ਼ੁਤਬਾ ਸੁਣੇ ਅਤੇ ਨਮਾਜ਼ ਜਮਾਤ ਵਿੱਚ ਸ਼ਾਮਲ ਹੋਵੇ ਤਾਂ ਇਸ ਉਸ ਲਈ ਵਿਸ਼ੇਸ਼ ਰੂਪ ਵਿੱਚ ਰੱਬ ਦੀਆਂ ਬਰਕਤਾਂ ਨਾਜ਼ਲ ਹੁੰਦੀਆਂ ਹਨ ਅਤੇ ਫਿਰ ਇਕ ਘੜੀ ਜੁਮਏ ਦੇ ਦਿਨ ਅਜਿਹੀ ਵੀ ਆਉਂਦੀ ਹੈ ਕਿ ਜਿਸ ਵਿੱਚ ਮਨੁੱਖ ਜੋ ਵੀ ਦੁਆ ਕਰੇ ਕੁਬੂਲ ਹੋ ਜਾਂਦੀ ਹੈ ।

ਆਪ ਲਿਖੱਦੇ ਹਨ ਕਿ ਇਲਾਹੀ ਕਾਨੂਨ ਹੇਠ ਇਸ ਹਦੀਸ ਦੀ ਇਕ ਵਿਆਖਿਆ ਅਵਸ਼ ਕਰਨੀ ਪਏਗੀ ਕਿ ਉਹੋ ਦੁਆਵਾਂ ਕੁਬੂਲ ਹੁੰਦੀਆਂ ਹਨ ਜੋ ਸੁਨੱਤੁਲੱਾਹ ਤੇ ਇਲਾਹੀ ਕਾਨੂਨ ਅਨੁਸਾਰ ਹੋਣ, ਪਰ ਜਿੱਥੇ ਇਹ ਬਹੁਤ ਵੱਡੀ ਨੇਮਤ ਹੈ ਉੱਥੇ ਇਹ ਸੌਖਾ ਕੰਮ ਵੀ ਨਹੀਂ ਹੈ । ਜੁਮਏ ਦਾ ਸਮਾਂ ਲਗਭਗ ਦੂਜੀ ਅਜ਼ਾਨ ਜਾਂ ਇਸ ਤੋਂ ਕੁਝ ਦੇਰ ਪਹਿਲਾਂ ਸ਼ੁਰੂ ਹੋਕੇ ਨਮਾਜ਼ ਦੇ ਬਾਦ ਸਲਾਮ ਫੇਰਣ ਤੱਕ ਹੁੰਦਾ ਹੈ ਜੇਕਰ ਇਹ ਦੋਵੇਂ ਸਮੇਂ ਮਿਲਾ ਲਏ ਜਾਣ ਤਾਂ ਇਹ ਸਮਾਂ ਘੰਟਾ ਜਾਂ ਡੇਢ ਘੰਟਾ ਵੀ ਹੋ ਸਕਦਾ ਹੈ । ਇਸ ਇਕ ਘੰਟੇ ਜਾਂ ਡੇਢ ਘੰਟੇ ਵਿੱਚ ਇਕ ਅਜਿਹੀ ਘੜੀ ਵੀ ਆਉਂਦੀ ਹੈ ਕਿ ਜੱਦ ਮਨੁੱਖ ਕੋਈ ਦੁਆ ਕਰੇ ਤਾਂ ਉਹ ਕੁਬੂਲ ਹੋ ਜਾਂਦੀ ਹੈ, ਪਰ ਇਸ ਨੱਬੇ ਮਿੰਟ ਦੇ ਸਮੇਂ ਵਿੱਚ ਮਨੁੱਖ ਨੂੰ ਇਹ ਪਤਾ ਨਹੀਂ ਹੁੰਦਾ ਕਿ ਆਇਆ ਪਹਿਲਾਂ ਮਿੰਟ ਦੁਆ ਦੀ ਪਰਵਾਨਗੀ ਦਾ ਹੈ ਦੂਜਾ ਮਿੰਟ ਦੁਆ ਦੀ ਪਰਵਾਨਗੀ ਦਾ ਹੈ ਜਾਂ ਤੀਜਾ ਮਿੰਟ ਦੁਆ ਦੀ ਪਰਵਾਨਗੀ ਦਾ ਹੈ ਇੱਥੋਂ ਤੱਕ ਕਿ ਨੱਬੇ ਮਿੰਟ ਦੇ ਅਖ਼ੀਰ ਤੱਕ ਮਨੁੱਖ ਕਿਸੇ ਮਿੰਟ ਬਾਰੇ ਵੀ ਇਹ ਨਹੀਂ ਕਹਿ ਸਕਦਾ ਕਿ ਉਹ ਦੁਆ ਦੀ ਪਰਵਾਨਗੀ ਦਾ ਸਮਾਂ ਹੈ । ਸੰਭਵਤਾ ਉਹ ਘੜੀ ਜਿਸ ਵਿੱਚ ਹਰ ਦੁਆ ਕੁਬੂਲ ਹੁੰਦੀ ਹੈ ਨੱਬੇ ਮਿੰਟ ਵਿੱਚ ਭਾਲ ਕਰਨੀ ਪਏਗੀ ਅਤੇ ਉਹੋ ਵਿੱਅਕਤੀ ਦੁਆ ਦੀ ਪਰਵਾਨਗੀ ਦਾ ਮੌਕਾ ਭਾਲਣ ਵਿੱਚ ਸਫ਼ਲ ਹੋ ਸਕੇਗਾ ਜੋ ਬਰਾਬਰ ਨੱਬੇ ਮਿੰਟ ਤੱਕ ਦੁਆ ਕਰਦਾ ਰਹੇ ਅਤੇ ਨੱਬੇ ਮਿੰਟ ਤੱਕ ਬਰਾਬਰ ਦੁਆ ਵਿੱਚ ਲੱਗੇ ਰਹਿਣਾ ਅਤੇ ਤਵਜੁੱਹ (ਧਿਆਨ) ਕਾਇਮ ਰਖੱਣਾ ਬਹੁਤ ਔਖਾ ਕੰਮ ਹੈ । ਸੋ, ਬਹੁਤ ਮਿਹਨਤ ਤਲਬ ਚੀਜ਼ ਹੈ ਅਤੇ ਇਸ ਲਈ ਸੰਘਰਸ਼ ਕਰਨਾ ਪੈਂਦਾ ਹੈ । ਨਿਰੰਤਰ ਇਸ ਸਮੇਂ ਵਿੱਚ ਬਿਨਾ ਧਿਆਨ ਹਟਾਏ ਦੁਆ ਵਿੱਚ ਮਨੁੱਖ ਲਗੱਾ ਰਹੇ ਅਤੇ ਇਹ ਲਗੱਾ ਰਹਿਣਾ ਜ਼ਰੂਰੀ ਹੈ । ਜੁਮਏ ਦੀਆਂ ਬਰਕਤਾਂ ਹਾਸਲ ਕਰਨ ਲਈ ਬਹੁਤ ਮਿਹਨਤ ਦੀ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਇਆ : ਦੂਜੇ ਸਹਾਬੀ ਜਿੰਨ੍ਹਾ ਦਾ ਮੈਂ ਜ਼ਿਕਰ ਕਰਾਂਗਾ ਉਹਨਾ ਦਾ ਨਾਂ ਅਬਦੁਲੱਾਹ ਬਿਨ ਮਜ਼ਊਨ ਹੈ । ਆਪ ਦਾ ਸੰਬੰਧ ਕੁਰੈਸ਼ ਦੇ ਕਬੀਲੇ ਬਨੂ ਜਮਾਅ ਨਾਲ ਸੀ । ਆਪ ਹਜ਼ਰਤ ਕਦਾਮਾ ਬਿਨ ਮਜ਼ਊਨ ਅਤੇ ਹਜ਼ਰਤ ਸਾਇਬ ਬਿਨ ਮਜ਼ਊਨ ਦੇ ਭਰਾ ਸਨ ਅਤੇ ਇਸ ਸਾਰੇ ਰਿਸ਼ਤੇ ਵਿੱਚ ਹਜ਼ਰਤ ਅਬਦੁਲੱਾਹ ਬਿਨ ਉਮਰ ਦੇ ਮਾਮਾ ਸਨ ।

ਹਜ਼ਰਤ ਅਬਦੁਲੱਾਹ ਬਿਨ ਮਜ਼ਊਨ ਅਤੇ ਹਜ਼ਰਤ ਕਦਾਮਾ ਬਿਨ ਮਜ਼ਊਨ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦਾਰੇ ਅਰਕਮ ਵਿੱਚ ਜਾਣ ਅਤੇ ਇਸ ਵਿੱਚੋਂ ਇਸਲਾਮ ਬਾਰੇ ਪ੍ਰਚਾਰ ਤੋਂ ਪਹਿਲਾਂ ਹੀ ਇਸਲਾਮ ਕੁਬੂਲ ਕਰ ਲਿਆ ਸੀ । ਆਪ ਨੇ ਆਪਣੇ ਭਰਾਵਾਂ ਨਾਲ ਹਬਸ਼ੇ ਵੱਲ ਹਿਜਰਤ ਕੀਤੀ ਅਤੇ ਹਬਸ਼ੇ ਵਿੱਚ ਪੜਾਅ ਸਮੇਂ ਜੱਦ ਇਹਨਾ ਨੂੰ ਖ਼ਬਰ ਮਿਲੀ ਕਿ ਕੁਰੈਸ਼ ਇਮਾਨ ਲੈ ਆਏ ਹਨ ਤਾਂ ਇਹ ਲੋਕ ਵਾਪਸ ਆ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਪਹਿਲਾਂ ਵੀ ਕਈ ਸਹਾਬਾ ਦੇ ਜ਼ਿਕਰ ਵਿੱਚ ਮੈਂ ਬਿਆਨ ਕਰ ਚੁੱਕਿਆਂ ਹਾਂ ਕਿ ਜੱਦ ਮੁਸਲਮਾਨਾ ਉਪੱਰ ਕਸ਼ਟ ਅਤਿ ਨੂੰ ਪਹੁੰਚ ਗਏ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਮੁਸਲਮਾਨਾ ਨੂੰ ਫ਼ਰਮਾਇਆ ਕਿ ਉਹ ਹਬਸ਼ੇ ਵੱਲ ਹਿਜਰਤ ਕਰ ਜਾਣ ਅਤੇ ਹਬਸ਼ਾ ਦਾ ਬਾਦਸ਼ਾਹ ਨਿਆਕਾਰ ਤੇ ਅੰਸਾਫ਼ ਪਸੰਦ ਹੈ ਉਸਦੇ ਰਾਜ ਵਿੱਚ ਕਿਸੇ ਉਪੱਰ ਜ਼ੁਲਮ ਨਹੀਂ ਹੁੰਦਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਫ਼ਰਮਾਨ'ਤੇ ਰਜਬ 5 ਨਬਵੀ ਵਿੱਚ ਗਿਆਰਾ ਪੁਰੁਸ਼ ਤੇ ਚਾਰ ਇਸਤਰੀਆਂ ਨੇ ਹਬਸ਼ੇ ਵੱਲ ਹਿਜਰਤ ਕੀਤੀ । ਹਬਸ਼ੇ ਪਹੁੰਚ ਕੇ ਮੁਸਲਮਾਨਾ ਨੂੰ ਅਤਿਅੰਤ ਅਮਨ ਦਾ ਜੀਵਨ ਪ੍ਰਾਪਤ ਹੋਇਆ ਅਤੇ ਰੱਬ ਰੱਬ ਕਰਕੇ ਕੁਰੈਸ਼ਾਂ ਦੇ ਅਤਿਆਚਾਰ ਤੋਂ ਛੁਟਕਾਰਾ ਮਿਲਿਆ । ਪਰ ਜਿਵੇਂ ਕਿ ਕਈ ਇਤਿਹਾਸਕਾਰਾਂ ਨੇ ਬਿਆਨ ਕੀਤਾ ਹੈ ਕਿ ਹਬਸ਼ੇ ਦੇ ਮੁਹਾਜਰਾਂ ਨੂੰ ਗਿਆਂ ਅਜੇ ਬਹੁਤਾ ਸਮਾਂ ਨਹੀਂ ਹੋਇਆ ਸੀ ਕਿ ਇਕ ਅਫ਼ਵਾਹ ਉਡੱਦੀ ਹੋਈ ਉਹਨਾਂ ਤੱਕ ਪਹੁੰਚੀ ਕਿ

ਮੱਕੇ ਦੇ ਕੁਰੈਸ਼ ਮੁਸਲਮਾਨ ਹੋ ਗਏ ਹਨ । ਇਸ ਖ਼ਬਰ ਦਾ ਇਹ ਸਿਟਾ ਹੋਇਆ ਕਿ ਬਹੁਤੇ ਮੁਹਾਜਰ ਬਿਨਾ ਸੋਚੇ ਸਮਝੇ ਵਾਪਸ ਪਰਤ ਆਏ । ਜੱਦ ਇਹ ਲੋਕੇ ਮੱਕੇ ਕੋਲ ਪਹੁੰਚੇ ਤਾਂ ਪਤਾ ਲਗਾ ਕਿ ਇਹ ਖ਼ਬਰ ਤਾਂ ਝੂਟੀ ਹੈ ਅਤੇ ਹਬਸ਼ੇ ਦੇ ਮੁਹਾਜਰਾਂ ਨੂੰ ਮੱਕੇ ਵਾਪਸ ਲਿਆਉਣ ਦੀ ਕਾਫ਼ਰਾਂ ਦੀ ਇਕ ਚਾਲ ਸੀ । ਹੁਣ ਇਹਨਾ ਸਾਰਿਆਂ ਨੂੰ ਬਹੁਤ ਔਕੜ ਦਾ ਸਾਹਮਣਾ ਸੀ । ਕੋਈ ਮਾਰਗ ਨਹੀਂ ਸੀ, ਕਈ ਤਾਂ ਰਸਤੇ ਵਿੱਚੋਂ ਹੀ ਵਾਪਸ ਪਰਤ ਗਏ ਅਤੇ ਕਈਆਂ ਨੇ ਮੱਕੇ ਆਣਕੇ ਕਿਸੇ ਅਸਰ ਰਸੂਖ ਵਾਲੇ ਦੀ ਪਨਾਹ ਲਈ । ਪਰ ਉਹ ਵੀ ਬਹੁਤਾ ਸਮਾਂ ਸਿਥਿਰ ਨ ਰਹਿ ਸਕੀ । ਕਰੈਸ਼ ਦੇ ਜ਼ੁਲਮ ਵਧੱਦੇ ਗਏ ਅਤੇ ਮੁਸਲਮਾਨਾ ਲਈ ਮੱਕੇ ਵਿੱਚ ਕੋਈ ਅਮਨ ਦੀ ਥਾਂ ਨਹੀਂ ਸੀ । ਇਸ'ਤੇ ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹਿਜਰਤ ਕਰੋ ਅਤੇ ਫਿਰ ਦੂਜੇ ਮੁਸਲਮਾਨਾ ਨੇ ਵੀ ਗੁਪਤ ਰੂਪ ਵਿੱਚ ਹਿਜਰਤ ਦੀ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਮੌਕਾ ਪਾਕੇ ਹੌਲ਼ੀ ਹੌਲ਼ੀ ਨਿਕਲਦੇ ਗਏ ਅਤੇ ਇਹ ਹਿਜਰਤ ਦੀ ਲੜੀ ਅਜਿਹੀ ਅਰੰਭ ਹੋਈ ਕਿ ਅਖ਼ੀਰ ਹਬਸ਼ੇ ਵਿੱਚ ਮੁਹਾਜਰਾਂ ਦੀ ਗਿਣਤੀ ਸੌ ਤੱਕ ਪਹੁੰਚ ਗਈ, ਜਿੰਨ੍ਹਾ ਵਿੱਚ ਅਠਾਰਾਂ ਇਸਤਰੀਆਂ ਅਤੇ ਬਾਕੀ ਪੁਰੁਸ਼ ਸਨ । ਬਹਿਰਹਾਲ ਹਜ਼ਰਤ ਅਬਦੁਲੱਾਹ ਬਿਨ ਮਜ਼ਊਨ ਪਹਿਲੀ ਹਿਜਰਤ ਦੇ ਬਾਦ ਵਾਪਸ ਆ ਗਏ ਸਨ ਅਤੇ ਫਿਰ ਦੁਬਾਰਾ ਵਾਪਸ ਗਏ ਜਾਂ ਨਹੀ ਇਸ ਦਾ ਪਤਾ ਨਹੀਂ ।

ਮਦੀਨਿ ਹਿਜਰਤ ਕਰਨ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਲੱਾਹ ਬਿਨ ਮਜ਼ਊਨ ਅਤੇ ਸਹਲ ਬਿਨ ਉਬੈਦੁਲੱਾਹ ਅੰਸਾਰੀ ਵਿਚਕਾਰ ਭਾਈਬੰਦੀ ਕਰਾਈ । ਹਜ਼ਰਤ ਅਬਦੁਲੱਾਹ ਬਿਨ ਮਜ਼ਊਨ ਆਪਣੇ ਤਿੰਨੇ ਭਰਾਵਾਂ ਹਜ਼ਰਤ ਉਸਮਾਨ ਬਿਨ ਮਜ਼ਊਨ, ਹਜ਼ਰਤ ਕਦਾਮਾ ਬਿਨ ਮਜ਼ਊਨ ਅਤੇ ਹਜ਼ਰਤ ਸਾਇਬ ਬਿਨ ਮਜ਼ਊਨ ਦੇ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਹਜ਼ਰਤ ਅਬਦੁਲੱਾਹ ਬਿਨ ਮਜ਼ਊਨ ਬਦਰ ਦੀ ਜੰਗ ਤੋਂ ਬਿਨਾ ਉਹਦ, ਖ਼ੰਦਕ ਅਤੇ ਹੋਰਨਾ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ ਸਨ । ਆਪ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ 30 ਹਿਜਰੀ ਵਿੱਚ 60 ਸਾਲ ਦੀ ਉਮਰ ਵਿੱਚ ਵਫ਼ਾਤ ਪਾਈ ਸੀ । ਅਲੱਾਹ ਤਆਲਾ ਇਹਨਾਂ ਸਾਰਿਆਂ ਸਹਾਬਾ ਦੇ ਦਰਜਿਆਂ ਨੂੰ ਬੁਲੰਦ ਤੋਂ ਬੁਲੰਦ ਕਰਦਾ ਚਲਾ ਜਾਏ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 16.08.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131